# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਬਠਿੰਡਾ

## -ਕਮ-ਦਫ਼ਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ ਬਠਿੰਡਾ।

email ID:-missbathinda@punjabeducation.gov.in

ਵੱਲ

**ਅਤੀ ਜਰੂਰੀ/ਮਿਤੀ ਬੱਧ**

ਸਬੰਧਤ ਸਕੂਲ ਮੁਖੀ / ਪ੍ਰਿੰਸੀਪਲ,
ਜ਼ਿਲ੍ਹਾ ਬਠਿੰਡਾ।
ਪੱਤਰ ਨੰ:-ਐਮ.ਆਈ.ਐਸ./ਯੂਡਾਈਸ/2024/2024192182 ਮਿਤੀ:- **05 ਅਗਸਤ 2024**

**ਵਿਸ਼ਾ:-** **ਯੂਡਾਈਸ ਸਰਵੇ 2024-25 ਤਹਿਤ ਵਿਦਿਆਰਥੀਆਂ ਦਾ ਡਾਟਾ ਅਪਡੇਟ ਨਾ ਕਰਨ ਸਬੰਧੀ ਕਾਰਨ ਦੱਸੋ ਨੋਟਿਸ।**

**ਹਵਾਲਾ:-** ਪੱਤਰ ਨੰਬਰ ਐਮ.ਆਈ.ਐਸ./2024/164073, ਮਿਤੀ:-**09.07.2024** ਦੇ ਸਬੰਧ ਵਿੱਚ।
ਪੱਤਰ ਨੰਬਰ ਐਮ.ਆਈ.ਐਸ./2024/178204-09, ਮਿਤੀ:-**26.07.2024** ਦੇ ਸਬੰਧ ਵਿੱਚ।

ਉਪਰੋਕਤ ਵਿਸ਼ਾ ਦੇ ਸਬੰਧ ਵਿੱਚ ਲਿਖਿਆ ਗਿਆ ਸੀ ਕਿ ਯੂਡਾਈਸ ਸਰਵੇ 2024-25 ਤਹਿਤ ਪੋਰਟਲ ਤੇ ਵਿਦਿਆਰਥੀਆਂ ਦਾ ਡਾਟਾ (**Progression Activity**) ਮਿਤੀ 22-07-2024 ਤੱਕ ਯੂਡਾਈਸ ਪੋਰਟਲ ਤੇ ਮੁਕੰਮਲ ਅਪਡੇਟ ਕੀਤਾ ਜਾਵੇ। ਪ੍ਰੰਤੂ ਆਪ ਵੱਲੋਂ ਇਹ ਡਾਟਾ ਅਪਡੇਟ ਨਹੀ ਕੀਤਾ ਗਿਆ ਜਿਸ ਕਰਕੇ ਹਵਾਲਾ ਅਧੀਨ ਪੱਤਰ ਨੰਬਰ ਐਮ.ਆਈ.ਐਸ./2024/183206, ਮਿਤੀ:-**26.07.2024** ਰਾਹੀਂ ਮੁੱਖ ਦਫਤਰ ਵਲੋਂ ਪੱਤਰ ਭੇਜਦੇ ਹੋਏ ਆਪ ਨੂੰ ਇਹ ਕੰਮ ਮਿਤੀ 31-07-2024 ਤੱਕ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਸੀ।

ਯੂਡਾਈਸ ਸਰਵੇ ਇੱਕ ਸਮਾਂ ਬੱਧ ਕੰਮ ਹੈ ਜਿਸ ਦਾ ਸਮੂਹ ਸਕੂਲਾਂ ਵੱਲੋਂ ਨਿਸ਼ਚਿਤ ਸਮੇਂ ਤੇ ਮੁਕੰਮਲ ਕਰਨਾ ਜਰੂਰੀ ਹੈ।ਪ੍ਰੰਤੂ ਪੋਰਟਲ ਤੋਂ ਪ੍ਰਾਪਤ ਰਿਪੋਰਟ ਮੁਤਾਬਿਕ ਆਪ ਦੇ ਸਕੂਲ ਵੱਲੋਂ ਯੂ-ਡਾਈਸ ਸਰਵੇ ਦਾ ਕੰਮ ਸ਼ੁਰੂ ਹੀ ਨਹੀ ਕੀਤਾ ਗਿਆ ਹੈ।ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਜਰੂਰੀ ਨਹੀ ਸਮਝਦੇ।ਆਪ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਯੂ-ਡਾਈਸ ਸਰਵੇ ਦਾ ਡਾਟਾ (**Progression Activity**) ਕੱਲ ਮਿਤੀ 06-08-2024 ਤੱਕ ਸਕੂਲ/ਦਫ਼ਤਰ ਛੱਡਣ ਤੋਂ ਪਹਿਲਾਂ ਪੋਰਟਲ ਤੇ ਅਪਡੇਟ ਕਰਕੇ ਸਹੀਕਰਤਾ ਨੂੰ ਰਿਪੋਰਟ ਕੀਤੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਦੇ ਖਿਲਾਫ਼ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ./ਸੈ.ਸਿ.),
ਬਠਿੰਡਾ।

ਪਿੱਠ ਅੰਕਣ ਨੰ:-ਉਕਤ

ਮਿਤੀ:-ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ।
2. ਐਮ.ਆਈ.ਐਸ. ਵਿੰਗ, ਪੰਜਾਬ, ਐਸ.ਏ.ਐਸ. ਨਗਰ।

ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ./ਸੈ.ਸਿ),
ਬਠਿੰਡਾ